ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ
(ਨੋਟਿਸ ਬੋਰਡ ਰਾਹੀਂ)

09/5/17

ਮੀਮੋ ਨੰ. RMSA/Plan/2017/4213 ਮਿਤੀ: 05/05/2017

ਵਿਸ਼ਾ: **POCSO- an online complaint e-box for reporting developed by National Commission for Protection of Child Rights- reg.**

ਹਵਾਲਾ: **ਮੀਮੋ ਨੰਬਰ RMSA/Plan/ 2016/ 12870 ਮਿਤੀ 31-08-2016 ਅਤੇ RMSA/ Plan/2016/ 18086 ਮਿਤੀ 26-12-2016**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. National Commission for Protection of Child Rights ਵਲੋਂ ਆਨਲਾਈਨ "POCSO e-box" ਬਣਾਇਆ ਗਿਆ ਹੈ, ਜਿਸ ਰਾਹੀਂ ਬੱਚੇ ਸਿੱਧੇ ਤੌਰ ਤੇ ਯੌਨ ਸ਼ੋਸ਼ਣ ਦੀ ਸ਼ਿਕਾਇਤ ਨੈਸ਼ਨਲ ਕਮਿਸ਼ਨ ਕੋਲ online ਦਰਜ ਕਰਵਾ ਸਕਣਗੇ।
3. "POCSO e-box" ਤੇ ਬੱਚਿਆਂ ਵਲੋਂ ਸ਼ਿਕਾਇਤ ਹੇਠ ਲਿਖੇ ਅਨੁਸਾਰ ਦਰਜ ਕਰਵਾਈ ਜਾ ਸਕਦੀ ਹੈ:
   - ਸਭ ਤੋਂ ਪਹਿਲਾਂ NCPCR ਦੀ ਵੈਬਸਾਈਟ www.ncpcr.gov.in ਤੇ ਜਾ ਕੇ "POCSO e-box" ਨਾਮ ਦਾ ਬਟਨ click ਕਰਨਾ ਹੁੰਦਾ ਹੈ, ਜਿਸ ਨੂੰ ਕਲਿੱਕ ਕਰਨ ਤੋਂ ਬਾਅਦ ਇੱਕ ਵੀਡਿਓ ਚਲਦੀ ਹੈ।
   - ਇਸ ਵਿਡਿਓ ਨੂੰ ਸਿੱਧੇ www.ncpcr.gov.in/index.2php ਲਿੰਕ ਤੇ ਜਾ ਕੇ ਵੀ ਦੇਖਿਆ ਜਾ ਸਕਦਾ ਹੈ।
   - ਵੀਡਿਓ ਰਾਹੀਂ "POCSO e-box" ਬਾਰੇ ਜਾਣਕਾਰੀ ਦੇ ਕੇ ਇਸਦਾ ਮੰਤਵ ਸਮਝਾਇਆ ਜਾਂਦਾ ਹੈ।
   - ਵੀਡਿਓ ਦੇ ਹੇਠਾਂ ਇਕ ਬਟਨ click ਕਰਕੇ 6 ਤਰ੍ਹਾਂ ਦੀਆਂ ਤਸਵੀਰਾਂ ਨਜ਼ਰ ਆਉਂਦੀਆਂ ਹਨ, ਜਿਸ ਵਿੱਚ ਬੱਚਿਆਂ ਦੇ ਯੌਨ ਸ਼ੋਸ਼ਣ ਹੋ ਸਕਣ ਦੇ ਪ੍ਰਕਾਰ ਦੱਸੇ ਗਏ ਹਨ।
   - ਕਿਸੇ ਇੱਕ ਤਸਵੀਰ ਨੂੰ ਸਿਲੈਕਟ ਕਰਕੇ ਥੱਲੇ ਦਿੱਤੇ ਗਏ ਐਪਲੀਕੇਸ਼ਨ ਫਾਰਮ ਨੂੰ ਪੀੜਤ ਬੱਚੇ ਵੱਲੋਂ ਭਰਿਆ ਜਾਣਾ ਹੈ, ਜਿਸ ਵਿੱਚ ਪੀੜਤ ਬੱਚੇ ਰਾਹੀਂ ਆਪਣਾ ਮੋਬਾਇਲ ਨੰਬਰ, ਈਮੇਲ ਆਦਿ ਜਾਣਕਾਰੀ ਭਰਕੇ ਸਬਮਿਟ ਕਰਨਾ ਹੁੰਦਾ ਹੈ।
   - ਇਸ ਤਰ੍ਹਾਂ ਕੰਪਲੇਂਟ ਆਨਲਾਈਨ ਰਜਿਸਟਰ ਹੋ ਜਾਂਦੀ ਹੈ ਅਤੇ ਕੰਪਲੇਂਟ ਨੰਬਰ ਵੀ ਦੱਸਿਆ ਜਾਂਦਾ ਹੈ, ਜਿਸ ਤੇ ਨੈਸ਼ਨਲ ਕਮਿਸ਼ਨ ਵਲੋਂ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ।
4. "POCSO e-box" ਬਾਰੇ background note ਅਤੇ ਪੈਂਫਲਟ ਮਿਤੀ 01-10-2016 ਰਾਹੀਂ ਵਿਭਾਗ ਦੀ ਵੈਬਸਾਇਟ ssapunjab.org ਉੱਤੇ ਅਪਲੋਡ ਕੀਤੇ ਹੋਏ ਹਨ ਜੋ ਕਿ Daily Circulars ਲਿੰਕ ਵਿੱਚ ਦੇਖੇ ਜਾ ਸਕਦੇ ਹਨ।
5. ਉਕਤ ਸਬੰਧੀ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਬਾਲ ਯੌਨ ਸ਼ੋਸ਼ਣ ਦੇ ਖਾਤਮੇ ਲਈ ਵਿਦਿਆਰਥੀਆਂ ਅਤੇ ਆਮ ਜਨਤਾ ਨੂੰ ਸਵੇਰ ਦੀ ਸਭਾ, ਕੰਪਿਊਟਰ ਲੈਬ, ਪ੍ਰੋਗਰਾਮਾਂ/ਉਤਸਵਾਂ ਰਾਹੀਂ "POCSO e-box" ਦੀ ਵਰਤੋਂ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਬੱਚੇ ਸਿੱਧੇ ਤੌਰ ਤੇ ਯੌਨ ਸ਼ੋਸ਼ਣ ਦੀ ਸ਼ਿਕਾਇਤ ਕਮਿਸ਼ਨ ਕੋਲ online ਦਰਜ ਕਰਾ ਸਕਣ ਅਤੇ ਅਪਰਾਧੀ ਵਿਰੁੱਧ ਪੜਤਾਲ ਉਪਰੰਤ ਕਾਰਵਾਈ ਕੀਤੀ ਜਾ ਸਕੇ।
6. ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

05/05/17

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਆਰ.ਐਮ.ਐਸ.ਏ ਪੰਜਾਬ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਪੰਡ ਨੰ: ਈ-4/2017-477 ਮਿਤੀ ਅੰਮ੍ਰਿਤਸਰ 12/5/17

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਇੰਨ ਬਿੰਨ ਪਾਲਣਾ ਹਿਤ ਭੇਜਿਆ ਜਾਂਦਾ ਹੈ

12.05.17

ਜਿ਼ਲ੍ਹਾ ਸਿੱਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ